INDIA 20 TWENTY RUPEES SPECIAL ADHESIVE

ਲਸੰਸ ਨੰ: 21/SV/...

ਚਾਲੂ ਮਿਤੀ-17/3/201

**<u>ਦਸਮੇਸ਼ ਹਸਪਤਾਲ ਤਲਵੰਡੀ ਰੋਡ ਫਰੀਦਕੋਟ ਵਿੱਚ ਕੈਮਿਸਟ ਦੀ ਦੁਕਾਨ ਦੀ ਅਲਾਟਮੈਂਟ ਲਈ ਇਕਰਾਰਨਾਮਾ</u>**

ਪਟੇ ਦੀ ਇਸ ਲਿਖਤ ਅਨੁਸਾਰ ਧਿਰ ਡਾਇਰੈਕਟਰ, ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ ਲਾਇਸੰਸਦਾਤਾ ਵੱਲੋ ਸ੍ਰੀਮਤੀ ਪੂਨਮ ਪਤਨੀ ਸੰਜੀਵ ਜੁਨੇਜਾ ਵਾਸੀ ਰੁਆਇਲ ਸਿਟੀ ਫਰੀਦਕੋਟ ਲਾਇਸੰਸੀ ਨੂੰ ਮਿਤੀ 01.04.2017 ਤੋ 31.03.2018 ਤੱਕ ਕੈਮਿਸਟ ਸ਼ੋਪ ਦਾ ਠੇਕਾ ਦਿੱਤਾ ਜਾਦਾ ਹੈ।

ਜਦੋ ਕਿ ਲਾਇਸੰਸੀ ਕਾਰੋਬਾਰ ਲਈ ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ ਦੇ ਅਹਾਤੇ ਵਿੱਚ ਦਵਾਈਆਂ ਦੀ ਦੁਕਾਨ ਚਲਾਉਣਾ ਚਾਹੁੰਦਾ ਹੈ।

ਅਤੇ

ਜਦਕਿ ਲਾਇਸੰਸੀ ਨੇ ਲਾਇਸੰਸਦਾਤਾ ਨੂੰ ਇਸ ਸੰਸਥਾ ਦੇ ਅਹਾਤੇ ਵਿੱਚ ਉੱਕਤ ਕਾਰੋਬਾਰ ਲਈ ਇੱਕ ਕਮਰਾ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ ਅਤੇ ਲਾਇਸੰਸਦਾਤਾ ਨੇ ਝਿਹ ਬੇਨਤੀ ਪ੍ਰਵਾਨ ਕਰਕੇ ਲਾਇਸੰਸੀ ਨੂੰ ਉਕਤ ਕਾਰੋਬਾਰ ਲਈ ਇਸ ਸੰਸਥਾ ਦੇ ਅਹਾਤੇ ਵਿੱਚ ਪਹਿਲੇ ਹੀ ਚੱਲ ਰਹੀ ਦੁਵਾਈਆਂ ਦੀ ਦੁਕਾਨ ਵਾਲਾ ਕਮਰਾ 1.04.2017 ਤੋ 31.03.2018 ਤੱਕ ਦੇਣਾ ਮੰਨ ਲਿਆ ਹੈ।

ਅਤੇ

ਲਾਇਸੰਸਦਾਤਾ ਲਾਇਸੰਸੀ ਨੂੰ ਇਸ ਸੰਸਥਾ ਦੇ ਅਹਾਤੇ ਵਿੱਚ ਉੱਕਤ ਕਾਰੋਬਾਰ ਲਈ ਲੋੜੀਦਾ ਕਮਰਾ ਦੇਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਸਹਿਮਤ ਹੈ ਅਤੇ ਇਹ ਲਿਖਤ ਹੇਠ ਲਿਖੇ ਅਨੁਸਾਰ ਸ਼ਾਖੀ ਭਰਦੀ ਹੈ:

1 ਲਾਇਸੰਸਦਾਤਾ ਲਾਇਸੰਸੀ ਨੂੰ ਪਟਾ ਮਨਜੂਰ ਕਰਦਾ ਹੈ ਅਤੇ ਲਾਇਸੰਸੀ ਨੂੰ ਪਹਿਲਾਂ ਚੱਲ ਰਹੀ ਦਵਾਈਆਂ ਦੀ ਦੁਕਾਨ ਵਾਲੀ ਥਾਂ ਵਿੱਚ ਕਮਿਸਟ ਦੀ ਦੁਕਾਨ ਚਲਾਉਣ ਦੀ ਆਗਿਆ ਦਿੰਦਾ ਹੈ।

2 ਲਾਇਸੰਸੀ ਲਾਇਸੰਸਦਾਤਾ ਨੂੰ ਇਸ ਦੁਕਾਨ ਦੇ ਕਿਰਾਏ ਵਜੋ ਮਿਤੀ 1.04.2017 ਤੋ 31.03.2018 ਤੱਕ ਦਾ ਕਿਰਾਇਆ 8800/- ਰੁਪਏ ਪ੍ਰਤੀ ਮਹੀਨਾ ਕਰਾਇਆ ਅਤੇ 500 ਰੁਪਏ ਪ੍ਰਤੀ ਮਹੀਨਾਂ ਕੂੜਾ ਕਰਕਟ ਉਠਾਨ ਦੇ ਖਰਚੇ ਦੇ ਹਰ ਮਹੀਨੇ ਦੀ 10 ਤਰੀਕ ਤੱਕ ਜਮ੍ਹਾਂ ਕਰਵਾਏਗਾ।

3 ਸਮੇ ਸਿਰ ਕਿਸ਼ਤ ਜਮ੍ਹਾਂ ਨਾ ਕਰਾਉਣ ਤੇ ਬਿਨਾਂ ਕਿਸੇ ਨੋਟਿਸ ਦਿੱਤੇ ਉਸਦਾ ਠੇਕਾ ਮਨਸੂਖ ਕਰ ਦਿੱਤਾ ਜਾਵੇਗਾ।

4 ਲਾਇਸੰਸੀ ਬਿਜਲੀ ਅਤੇ ਪਾਣੀ ਦਾ ਖਰਚਾ ਉਸ ਵੱਲੋ ਕੀਤੀ ਗਈ ਖਪਤ ਅਨੁਸਾਰ ਆਪ ਅਦਾ ਕਰੇਗਾ।

5 ਦਵਾਈਆਂ ਦੀ ਦੁਕਾਨ ਉਸੇ ਦੁਕਾਨ ਵਿੱਚ ਹੋਵੇਗੀ ਜਿਸ ਵਿੱਚ ਇਹ ਇਸ ਸਮੇ ਚੱਲ ਰਹੀ ਹੈ।

6 ਲਾਇਸੰਸੀ ਇਸ ਥਾਂ ਵਿੱਚ ਕੋਈ ਅਦਲਾਬਦਲੀ, ਵਾਧਾ ਜਾਂ ਹੋਰ ਕੋਈ ਵੀ ਬਦਲਾਵ ਨਹੀ ਕਰੇਗਾ ਅਤੇ ਨਾਂ ਹੀ ਅੱਗੇ ਕਿਸੇ ਹੋਰ ਵਿਅਕਤੀ ਨੂੰ ਕਿਰਾਏ ਆਦਿ ਤੇ ਦੇਵੇਗਾ।

ਦਸਮੇਸ਼ ਇੰਸਟੀਚਿਊਟ ਆਫ
ਰਿਸਰਚ ਐਂਡ ਡੈਂਟਲ ਸਾਇੰਸਜ਼
ਫਰੀਦਕੋਟ।

ਲਾਇਸੰਸੀ ਪਾਸ ਦਵਾਈਆਂ ਦੀ ਦੁਕਾਨ ਚਲਾਉਣ ਦਾ ਸਮਰੱਥ ਅਧਿਕਾਰੀ ਦਾ ਸਰਟੀਫੀਕੇਟ ਹੋਣਾ ਜਰੂਰੀ ਹੈ।

8 ਦਵਾਈਆਂ ਦੀ ਦੁਕਾਨ ਲਾਇਸੰਸੀ ਨੂੰ 24 ਘੰਟੇ ਖੁੱਲੀ ਰੱਖਣੀ ਪਵੇਗੀ।

9 ਲਾਇਸੰਸੀ ਪ੍ਰਮਾਨਿਤ ਦਵਾਈਆਂ ਹੀ ਸਮਰੱਥ ਡਾਕਟਰ ਵਲੋ ਜਾਰੀ ਕੀਤੀ ਗਈ ਸਲਿੱਪ ਅਨੁਸਾਰ ਵੇਚੇਗਾ ਅਤੇ ਖਰੀਦਦਾਰ ਨੂੰ ਕੰਪਿਊਟਰਾਈਜਡ ਬਿੱਲ ਜਾਰੀ ਕਰੇਗਾ। ਕੋਈ ਵੀ ਨਸ਼ੀਲੀ ਦਵਾਈ ਜਾਂ ਨਸ਼ੀਲਾ ਪਦਾਰਥ ਨਹੀ ਵੇਚੇਗਾ।

10 ਲਾਇਸੰਸੀ ਲਾਇਸੰਸਦਾਤਾ ਨੂੰ 15000 ਰੁਪਏ ਸਕਿਊਰਟੀ ਜਮ੍ਹਾਂ ਕਰਵਾਏਗਾ ਜੋ ਠੇਕੇ ਦੀ ਮਿਆਦ ਪੂਰੀ ਹੋਣ ਉਪਰੰਤ ਬਿਨਾਂ ਕਿਸੇ ਵਿਆਜ ਦੇ ਉਸ ਨੂੰ ਵਾਪਸ ਕੀਤੀ ਜਾਵੇਗੀ। ਇਕਰਾਰਨਾਮੇ ਦੀ ਕਿਸੇ ਸ਼ਰਤ ਦੀ ਉਲੰਘਣਾ ਕਰਨ ਤੇ ਸਕਿਊਰਟੀ ਦੀ ਰਕਮ ਲਾਇਸੰਸਦਾਤਾ ਜ਼ਬਤ ਕਰਨ ਦਾ ਹੱਕਦਾਰ ਹੋਵੇਗਾ।

11 ਠੇਕੇ ਦੀ ਇੱਕ ਸਾਲ ਦੀ ਮਿਆਦ ਪੂਰੀ ਹੋਣ ਤੇ ਲਾਇਸੰਸੀ ਇਸ ਥਾਂ ਨੂੰ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਕਬਜ਼ਾ ਲਾਇਸੰਸਦਾਤਾ ਨੂੰ ਦੇ ਦੇਵੇਗਾ। ਬੇਦਖਲੀ ਲਈ ਹੋਰ ਕਿਸੇ ਨੋਟਿਸ ਦੀ ਲੋੜ ਨਹੀ ਹੋਵੇਗੀ।

12 ਲਾਇਸੰਸੀ ਜੋ ਵੀ ਕਰਿੰਦਾ ਰੱਖੇਗਾ ਉਹ ਕਰਿੰਦਾ ਅਤੇ ਲਾਇਸੰਸੀ ਆਪ ਅਨੁਸ਼ਾਸ਼ਨ ਵਿੱਚ ਰਹੇਗਾ ਅਤੇ ਹਸਪਤਾਲ ਜਾਂ ਕਾਲਜ ਵਿੱਚ ਕਿਸੇ ਕਿਸਮ ਦੀ ਕੋਈ ਅਜਿਹੀ ਹਰਕਤ ਨਹੀ ਕਰੇਗਾ ਜਿਸ ਨਾਲ ਮਾਹੌਲ ਖਰਾਬ ਹੋਵੇ। ਲਾਇਸੰਸੀ ਪਾਸ ਕੋਈ ਵਾਧੂ ਆਦਮੀ ਬਿਨਾਂ ਜਰੂਰੀ ਕੰਮ ਤੋ ਦੁਕਾਨ ਵਿੱਚ ਨਹੀ ਆਵੇਗਾ ਜਾਂ ਬੈਠੇਗਾ।

ਦੋਹਾਂ ਧਿਰਾਂ ਨੇ ਹੇਠ ਲਿਖੇ ਗਵਾਹਾਂ ਦੇ ਸਾਹਮਣੇ ਅਤੇ ਹੇਠ ਦਰਜ ਮਿਤੀ ਨੂੰ ਆਪਣੇ ਦਸਖਤ ਕੀਤੇ।

1 ਗਵਾਹ

ਲਾਇਸੰਸਦਾਤਾ

ਦਸਮੇਸ਼ ਇੰਸਟੀਚਿਊਟ ਆਫ ਰੀਸਰਚ ਐਂਡ ਡੈਂਟਲ ਸਾਇੰਸਜ਼ ਫ਼ਰੀਦਕੋਟ।

ਲਾਇਸੰਸੀ

2 ਗਵਾਹ